

## ਜਲ ਨਿਕਾਸ ਵਿਭਾਗ

ਹੁਸ਼ਿਆਰਪੁਰ ਜ਼ਿਲ੍ਹਾ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿਚ ਵਸਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚੋਂ 38 ਚੋਅ ਗੁਜਰਦੇ ਹਨ। ਜਿਨ੍ਹਾਂ ਦੀ ਕੁਲ ਲੰਬਾਈ 610 ਕਿਲੋਮੀਟਰ ਦੇ ਕਰੀਬ ਹੈ। ਇਨ੍ਹਾਂ ਚੋਆਂ ਵਿਚੋਂ 8 ਚੋਆਂ ਨੂੰ ਕੈਨਾਲਾਈਜ਼ ਕੀਤਾ ਗਿਆ ਹੈ ਜਿਵੇਂ ਕਿ ਨਸਰਾਲਾ ਚੋਅ, ਅਰਨੀਆਲਾ ਚੋਅ, ਮੈਹਿੰਗਰੋਵਾਲ ਚੋਅ, ਗੰਗੀਆਂ ਚੋਅ, ਗੰਭੋਵਾਲ ਚੋਅ, ਮਹਿਲਾਂਵਾਲੀ ਚੋਅ, ਰਾਜਨੀ ਦੇਵੀ ਚੋਅ, ਡਾਊਨ ਸਟਰੀਮ ਜਲੰਧਰ ਬਰਾਂਚ ਅਤੇ ਦਸੂਹਾ ਲੰਗਰਪੁਰ ਗਰੁਪ ਆਫ ਚੋਅਜ਼। ਇਨ੍ਹਾਂ ਕੈਨਾਈਲਾਈਜ਼ ਚੋਆਂ ਦੀ ਕੁਲ ਲੰਬਾਈ 160 ਕਿਲੋਮੀਟਰ ਹੈ। ਦਰਿਆ ਬਿਆਸ ਡਾਊਨ ਸਟਰੀਮ ਮੀਰਥਲ ਤੋਂ ਲੈ ਕੇ ਪਿੰਡ ਰਾੜਾ ਤੱਕ 50 ਕਿਲੋਮੀਟਰ ਦੀ ਲੰਬਾਈ ਤੱਕ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਗੁਜ਼ਰਦਾ ਹੈ। 50 ਨੰਬਰ ਸੀਪੇਜ਼ ਡਰੇਨਾਂ 180 ਕਿਲੋਮੀਟਰ ਦੀ ਲੰਬਾਈ ਵਿਚ ਇਸ ਜ਼ਿਲ੍ਹੇ ਵਿਚ ਪੈਂਦੀਆਂ ਹਨ। ਇਸ ਤੋਂ ਇਲਾਵਾ ਵੈਸਟਰਨ ਬੇਈਂ ਜੋ ਕਾਲੀ ਬੇਈਂ ਦੇ ਨਾਂ ਨਾਲ ਜਾਣੀ ਜਾਂਦੀ ਹੈ 34 ਕਿਲੋਮੀਟਰ ਦੀ ਲੰਬਾਈ ਵਿਚ ਪਿੰਡ ਧਲੋਆ ਤੋਂ ਲੈ ਕੇ ਤਲਵੰਡੀ ਡਾਂਡੀਆਂ ਤਕ ਇਸ ਜ਼ਿਲ੍ਹੇ ਵਿਚੋਂ ਗੁਜ਼ਰਦੀ ਹੈ।

ਹੁਸ਼ਿਆਰਪੁਰ ਜਲ ਨਿਕਾਸ ਮੰਡਲ, ਹੁਸ਼ਿਆਰਪੁਰ ਵਲੋਂ ਦਰਿਆ ਬਿਆਸ, ਚੋਆਂ ਅਤੇ ਖੱਡਾਂ ਤੇ ਪੈਂਦੀਆਂ ਆਬਾਦੀਆਂ ਅਤੇ ਵਾਹੀਯੋਗ ਭੂਮੀ ਨੂੰ ਬਰਸਾਤਾਂ ਦੇ ਦੌਰਾਨ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਹੜ੍ਹ ਰੋਕੂ ਕੰਮ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਸੇਮ ਦੀ ਸਮੱਸਿਆ ਨੂੰ ਦੂਰ ਕਰਨ ਲਈ ਨਵੀਆਂ ਡਰੇਨਾਂ ਦੀ ਪੁਟਾਈ ਅਤੇ ਪੁਰਾਣੀਆਂ ਡਰੇਨਾਂ ਦੀ ਭੱਲ ਸਫਾਈ ਵੀ ਕਰਵਾਈ ਜਾਂਦੀ ਹੈ। ਬਰਸਾਤਾਂ ਦੇ ਦੌਰਾਨ ਇਹ ਦਫ਼ਤਰ ਦਿਨ ਰਾਤ ਕੰਮ ਕਰਦਾ ਹੈ ਅਤੇ ਇਸ ਦਫ਼ਤਰ ਦੇ ਤਹਿਤ ਫੀਲਡ ਅਮਲੇ ਅਤੇ ਅਫਸਰਾਂ ਵਲੋਂ ਦਰਿਆਵਾਂ ਅਤੇ ਚੋਆਂ ਤੇ ਪੈਂਦੀਆਂ ਨਾਜ਼ੁਕ ਥਾਵਾਂ ਤੇ ਦਿਨ ਰਾਤ ਨਿਗਰਾਨੀ ਕੀਤੀ ਜਾਂਦੀ ਹੈ। ਹੜ੍ਹਾਂ ਅਤੇ ਬਰਸਾਤਾਂ ਦੀ ਸੂਚਨਾ ਲਈ ਇਸ ਮੰਡਲ ਵਲੋਂ ਕੰਟਰੋਲ ਰੂਮ ਆਪਣੇ ਦਫ਼ਤਰ ਵਿਚ ਖੋਲਿਆ ਜਾਂਦਾ ਹੈ। ਜਿਸ ਦਾ ਟੈਲੀਫੋਨ ਨੰਬਰ 252733 ਹੈ। ਇਹ ਦਫ਼ਤਰ ਬਰਸਾਤਾਂ ਦੇ ਸੀਜ਼ਨ ਦੌਰਾਨ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਦੇ ਦਫ਼ਤਰ ਵਿਚ ਖੋਲ੍ਹੇ ਗਏ ਮੇਨ ਕੰਟਰੋਲ ਰੂਮ ਦੇ ਅਧੀਨ ਕੰਮ ਕਰਦਾ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਬਣਾਈ ਰੱਖਦਾ ਹੈ ਤਾਂ ਜੋ ਬਰਸਾਤਾਂ/ਹੜ੍ਹਾਂ ਦੌਰਾਨ ਪ੍ਰਭਾਵਤ ਲੋਕਾਂ ਦੀ ਤੁਰੰਤ ਲੋੜੀਂਦੀ ਮਦਦ ਹੋ ਸਕੇ।

ਇਸ ਮੰਡਲ ਵਲੋਂ ਕਰਵਾਏ ਜਾਂਦੇ ਹੜ੍ਹ ਰੋਕੂ ਕੰਮਾਂ ਲਈ ਜਿੱਥੇ ਆਮ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਫਾਇਦਾ ਹੁੰਦਾ ਹੈ। ਉਥੇ ਜਾਇਦਾਦਾਂ ਜਿਵੇਂ ਕਿ ਸੜਕਾਂ, ਪੁੱਲ, ਰੇਲਵੇ ਲਾਈਨਾਂ, ਬਿਜਲੀ ਦੀਆਂ ਲਾਇਨਾਂ ਅਤੇ ਹੋਰ ਸਰਕਾਰੀ ਪ੍ਰਾਪਰਟੀ ਆਦਿ ਨੂੰ ਵੀ ਹੜ੍ਹਾਂ ਦੀ ਮਾਰ ਤੋਂ ਬਚਾਇਆ ਜਾਂਦਾ ਹੈ।